BRITISH COLUMBIA
The Best Place on Earth

# FACTSHEET

[ਅਪਰੈਲ 30, 2009]

ਮਨਿਸਟਰੀ ਆਫ਼ ਹੈੱਲਥ ਸਰਵਸਿਜ਼
ਮਨਿਸਟਰੀ ਆਫ਼ ਹੈੱਲਦੀ ਲਿਵਿੰਗ ਐਂਡ ਸਪੋਰਟ

## ਸਵਾਈਨ ਇਨਫ਼ਲਿਊਐਂਜ਼ਾ (ਸਵਾਈਨ ਫ਼ਲੂ) ਕੀ ਹੈ
## WHAT IS SWINE INFLUENZA (SWINE FLU)

### 1) ਸਵਾਈਨ ਇਨਫ਼ਲਿਊਐਂਜ਼ਾ (ਸਵਾਈਨ ਫ਼ਲੂ) ਕੀ ਹੈ?

- ਸਵਾਈਨ ਇਨਫ਼ਲਿਊਐਂਜ਼ਾ ਜਾਂ ਸਵਾਈਨ ਫ਼ਲੂ ਇੱਕ ਸੂਰਾਂ ਦੀ ਸਾਹ ਦੀ ਬਿਮਾਰੀ ਹੈ ਜੋ ਸੂਰਾਂ ਨੂੰ ਹਮੇਸ਼ਾਂ ਇਨਫ਼ਲਿਊਐਂਜ਼ਾ A ਕਿਸਮ ਦੇ ਵਾਇਰਸ ਕਾਰਨ ਹੁੰਦੀ ਹੀ ਰਹਿੰਦੀ ਹੈ। ਸਵਾਈਨ ਫ਼ਲੂ ਵਾਇਰਸ ਆਮ ਤੌਰ ਤੇ ਮਨੁੱਖਾਂ ਨੂੰ ਬਿਮਾਰ ਨਹੀਂ ਕਰਦੇ; ਪਰ ਫਿਰ ਵੀ ਮਨੁੱਖਾਂ ਵਿੱਚ ਸਵਾਈਨ ਫ਼ਲੂ ਦੀ ਬਿਮਾਰੀ ਹੋ ਹੀ ਜਾਂਦੀ ਹੈ ਅਤੇ ਮਨੁੱਖ ਤੋਂ ਮਨੁੱਖ ਨੂੰ ਬਿਮਾਰੀ ਫੈਲਣ ਦੇ ਕੇਸ ਦਰਜ ਕੀਤੇ ਗਏ ਹਨ।

- ਸਵਾਈਨ ਫ਼ਲੂ ਵਾਇਰਸ ਕਾਰਨ ਸੂਰਾਂ ਵਿੱਚ ਬਿਮਾਰੀ ਦੀ ਦਰ ਜ਼ਿਆਦਾ ਪਰ ਮੌਤਾਂ ਘੱਟ ਹੁੰਦੀਆਂ ਹਨ। ਇਹ ਵਾਇਰਸ ਸੂਰਾਂ ਵਿੱਚ ਸਾਰਾ ਸਾਲ ਚਲਦਾ ਰਹਿੰਦਾ ਹੈ ਪਰ ਇਨਸਾਨਾਂ ਦੀ ਤਰਾਂ ਸੂਰਾਂ ਵਿੱਚ ਵੀ ਬਿਮਾਰੀ ਜ਼ਿਆਦਾਤਰ ਪਤਝੜ ਅਤੇ ਸਰਦੀ ਦੇ ਮਹੀਨਿਆਂ ਵਿੱਚ ਹੀ ਫੈਲਦੀ ਹੈ। ਖਾਸ ਸਵਾਈਨ ਫ਼ਲੂ ਵਾਇਰਸ (ਇਨਫ਼ਲਿਊਐਂਜ਼ਾ A ਦੀ ਕਿਸਮ H1N1) ਸਭ ਤੋਂ ਪਹਿਲਾਂ 1930 ਵਿੱਚ ਸੂਰਾਂ ਵਿੱਚੋਂ ਨਿਖੇੜੀ ਗਈ ਸੀ।

### 2) ਮਨੁੱਖਾਂ ਵਿੱਚ ਸਵਾਈਨ ਫ਼ਲੂ

- ਸਵਾਈਨ ਫ਼ਲੂ ਵਾਇਰਸ ਨਾਲ ਆਮ ਤੌਰ ਤੇ ਮਨੁੱਖਾਂ ਵਿੱਚ ਬਿਮਾਰੀ ਨਹੀਂ ਹੁੰਦੀ। ਪਰ ਕਦੇ ਕਦੇ ਮਨੁੱਖਾਂ ਵਿੱਚ ਵੀ ਸਵਾਈਨ ਫ਼ਲੂ ਨਾਲ ਬਿਮਾਰੀ ਹੋਈ ਹੈ। ਆਮ ਤੌਰ ਤੇ ਇਹ ਕੇਸ ਮਨੁੱਖਾਂ ਦੇ ਸੂਰਾਂ ਨਾਲ ਸਿੱਧੇ ਸੰਪਰਕ ਕਾਰਨ ਹੁੰਦੇ ਹਨ ਜਿਵੇਂ ਕਿ ਬੱਚਿਆਂ ਦਾ ਮੇਲਿਆਂ ਵਿੱਚ ਸੂਰਾਂ ਦੇ ਨੇੜੇ ਜਾਣਾਂ ਜਾਂ ਸੂਰਾਂ ਦੀ ਸਨਤ ਵਿੱਚ ਲਗੇ ਕਾਮੇ। ਇਸ ਤੋਂ ਇਲਾਵਾ ਇੱਕ ਮਨੁੱਖ ਤੋਂ ਦੂਜੇ ਮਨੁੱਖ ਨੂੰ ਸਵਾਈਨ ਫ਼ਲੂ ਫੈਲਾਉਣ ਦੇ ਕੇਸ ਵੀ ਦਰਜ ਕੀਤੇ ਗਏ ਹਨ।

### 3) ਸਵਾਈਨ ਫ਼ਲੂ ਕਿਵੇਂ ਫੈਲਦਾ ਹੈ?

- ਇਨਫ਼ਲਿਊਐਂਜ਼ਾ ਦੇ ਵਾਇਰਸ ਸਿੱਧੇ ਸੂਰਾਂ ਤੋਂ ਮਨੁੱਖਾਂ ਨੂੰ ਅਤੇ ਮਨੁੱਖ ਤੋਂ ਮਨੁੱਖ ਨੂੰ ਪਹੁੰਚਾਏ ਜਾ ਸਕਦੇ ਹਨ। ਮਨੁੱਖ ਨੂੰ ਸੂਰਾਂ ਤੋਂ ਫ਼ਲੂ ਵਾਇਰਸ ਦੀ ਬਿਮਾਰੀ ਕਿਸੇ ਫ਼ਲੂ ਵਾਲੇ ਸੂਰ ਦੇ ਨਜ਼ਦੀਕ ਗਿਆਂ ਹੁੰਦੀ ਹੈ ਜਿਵੇਂ ਕਿ ਸੂਰਾਂ ਦਾ ਵਾੜਾ ਜਾਂ ਜਾਨਵਰਾਂ ਦੀ ਪਰਦਰਸ਼ਨੀ ਅਤੇ ਸੂਰਾਂ ਦੇ ਮੇਲੇ।.

- ਇੱਕ ਮਨੁੱਖ ਤੋਂ ਦੂਜੇ ਮਨੁੱਖ ਵਿੱਚ ਸਵਾਈਨ ਫ਼ਲੂ ਫੈਲ ਸਕਦਾ ਹੈ। ਇਹ ਸਮਝਿਆ ਜਾਂਦਾ ਹੈ ਕਿ ਇਹ ਵੀ ਮੌਸਮੀ ਫ਼ਲੂ ਦੀ ਤਰਾਂ ਇਨਫ਼ਲਿਊਐਂਜ਼ਾ ਵਾਇਰਸ ਵਾਲੇ ਮਰੀਜ਼ ਦੇ ਖੰਘਣ ਜਾਂ ਨਿੱਛ ਮਾਰਨ ਨਾਲ ਇੱਕ ਮਨੁੱਖ ਤੋਂ ਦੂਜੇ ਮਨੁੱਖ ਤੱਕ ਫੈਲ ਜਾਂਦਾ ਹੈ। ਫ਼ਲੂ ਵਾਇਰਸ ਜਾਂ ਜਰਮਜ਼ ਨਾਲ ਦੂਸ਼ਿਤ ਹੋਈ ਚੀਜ਼ ਨੂੰ ਹੱਥ ਲੱਗਾ ਕੇ ਜੇ ਓਹੀ ਹੱਥ ਆਪਣੇ ਨੱਕ ਜਾਂ ਮੂੰਹ ਨੂੰ ਲਗਾ ਲਏ ਜਾਣ ਤਾਂ ਵੀ ਇਹ ਬਿਮਾਰੀ ਲੱਗ ਸਕਦੀ ਹੈ। ਸਖ਼ਤ ਜਗ੍ਹਾ ਜਿਵੇਂ ਕਾਊਂਟਰ, ਦਰਵਾਜ਼ੇ ਦੇ ਹੈਂਡਲ ਕੁੰਡੀਆਂ ਨੂੰ ਲੱਗੇ ਜਰਮਜ਼ ਹੱਥਾਂ ਨੂੰ ਲੱਗ ਜਾਂਦੇ ਹਨ ਅਤੇ ਜਦੋਂ ਅਸੀਂ ਜਰਮਜ਼ ਵਾਲੇ ਹੱਥ ਨੱਕ ਜਾਂ ਮੂੰਹ ਨੂੰ ਲਗਾਉਂਦੇ ਹਾਂ ਤਾਂ ਨੱਕ ਜਾਂ ਮੂੰਹ ਰਾਹੀਂ ਸਾਡੀ ਸਾਹ ਦੀ ਪ੍ਰਣਾਲੀ ਵਿੱਚ ਇਹ ਜਰਮਜ਼ ਫੈਲ ਜਾਂਦੇ ਹਨ ।

### 4) ਮਨੁੱਖਾਂ ਵਿੱਚ ਸਵਾਈਨ ਫ਼ਲੂ ਦੀਆਂ ਕੀ ਨਿਸ਼ਾਨੀਆਂ ਹਨ?

- ਮਨੁੱਖਾਂ ਵਿੱਚ ਸਵਾਈਨ ਫ਼ਲੂ ਦੀਆਂ ਨਿਸ਼ਾਨੀਆਂ ਆਮ ਮੌਸਮੀ ਫ਼ਲੂ ਵਾਂਗ ਹੀ ਹੁੰਦੀਆਂ ਹਨ ਜਿਵੇਂ ਕਿ ਤੇਜ਼ ਬੁਖਾਰ, ਖਾਂਸੀ, ਸਿਰ ਦਰਦ, ਸਰੀਰ ਵਿੱਚ ਆਮ ਦਰਦ, ਥਕਾਵਟ, ਅੱਖਾਂ ਵਿੱਚ ਦਰਦ, ਸਾਹ

ਫੁੱਲਣਾ, ਭੁੱਖ ਦਾ ਘੱਟ ਜਾਣਾ ਆਦਿ ਹਨ। ਕਈ ਲੋਕਾਂ ਨੇ ਨੱਕ ਵਗਣਾ, ਗਲੇ ਵਿੱਚ ਦਰਦ, ਦਿਲ ਕੱਚਾ ਹੋਣਾ, ਉਲਟੀਆਂ ਅਤੇ ਦਸਤ ਹੋਣ ਦੀ ਵੀ ਸ਼ਿਕਾਇਤ ਕੀਤੀ ਹੈ।

## 5) ਸਵਾਈਨ ਫ਼ਲੂ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

- ਤੁਸੀਂ ਹੇਠ ਲਿਖੀਆਂ ਸਾਵਧਾਨੀਆਂ ਵਰਤ ਕੇ ਸਵਾਈਨ ਫ਼ਲੂ ਹੋਣ ਜਾਂ ਹੋਰ ਲੋਕਾਂ ਵਿੱਚ ਫੈਲਣ ਦੇ ਖ਼ਤਰੇ ਨੂੰ ਘੱਟ ਕਰ ਸਕਦੇ ਹੋ:
  - ਆਪਣੇ ਹੱਥਾਂ ਨੂੰ ਬਾਕਾਇਦਾ ਧੋਵੋ ਖਾਸ ਕਰਕੇ ਖਾਂਸੀ ਜਾਂ ਨਿੱਛ ਮਾਰਨ ਤੋਂ ਬਾਅਦ।
  - ਖਾਂਸੀ ਜਾਂ ਨਿੱਛ ਮਾਰਨ ਵੇਲੇ ਆਪਣੇ ਨੱਕ ਅਤੇ ਮੂੰਹ ਨੂੰ ਟਿਸ਼ੂ ਨਾਲ ਢਕੋ ਅਤੇ ਵਰਤਣ ਤੋਂ ਬਾਅਦ ਟਿਸ਼ੂ ਨੂੰ ਕੂੜੇ ਵਿੱਚ ਸੁੱਟ ਦਿਓ।
  - ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਹੱਥ ਲਗਾਉਣ ਤੋਂ ਪਰਹੇਜ਼ ਕਰੋ ਕਿਉਂਕਿ ਇਸ ਤਰਾਂ ਜਰਮਜ਼ ਫੈਲ ਜਾਂਦੇ ਹਨ।
  - ਬਿਮਾਰ ਲੋਕਾਂ ਦੇ ਜ਼ਿਆਦਾ ਨਜ਼ਦੀਕ ਜਾਣ ਤੋਂ ਪਰਹੇਜ਼ ਕਰੋ।
  - ਜੇ ਤੁਸੀਂ ਬਿਮਾਰ ਹੋ ਜਾਓ, ਤਾਂ ਘਰ ਰਹੋ ਅਤੇ ਹੋਰਨਾਂ ਨਾਲ ਸੰਪਰਕ ਘੱਟ ਕਰੋ ਤਾਂ ਕਿ ਉਨ੍ਹਾਂ ਨੂੰ ਬਿਮਾਰੀ ਨਾ ਲੱਗੇ।

## 6) ਸਵਾਈਨ ਇਨਫ਼ਲਿਊਐਂਜ਼ਾ ਵਾਲੀਆਂ ਮਨੁੱਖੀ ਬਿਮਾਰੀ ਨੂੰ ਕਿਵੇਂ ਪਛਾਣਿਆਂ ਜਾ ਸਕਦਾ ਹੈ?

- ਸਵਾਈਨ ਇਨਫ਼ਲਿਊਐਂਜ਼ਾ A ਦੀ ਪਹਿਚਾਣ ਕਰਨ ਲਈ ਆਮ ਤੌਰ ਤੇ ਬਿਮਾਰੀ ਦੇ ਹੋਣ ਦੇ 4–5 ਦਿਨਾਂ ਵਿੱਚ ਬਿਮਾਰ ਦੇ ਸਾਹ ਦਾ ਨਮੂਨਾ ਲੈਣ ਦੀ ਜ਼ਰੂਰਤ ਹੈ, ਜਿਸ ਵਕਤ ਬਿਮਾਰ ਮਨੁੱਖ ਵਲੋਂ ਵਾਇਰਸ ਛੱਡਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਕੁਝ ਲੋਕ ਖਾਸ ਕਰ ਬੱਚੇ 10 ਦਿਨ ਜਾਂ ਇਸ ਤੋਂ ਵੀ ਜ਼ਿਆਦਾ ਦੇਰ ਤੱਕ ਵਾਇਰਸ ਛੱਡਦੇ ਰਹਿੰਦੇ ਹਨ। ਸਵਾਈਨ ਫ਼ਲੂ ਇਨਫ਼ਲਿਊਐਂਜ਼ਾ A ਵਾਇਰਸ ਦੀ ਪਹਿਚਾਣ ਲਈ ਬਿਮਾਰ ਮਨੁੱਖ ਦੇ ਸਾਹ ਦਾ ਨਮੂਨਾ BC Centre for Disease Control (ਬੀ ਸੀ ਬਿਮਾਰੀਆਂ ਦਾ ਕੰਟ੍ਰੋਲ ਸੈਂਟਰ) ਦੀਆਂ ਸੂਬਾਈ ਲੈਬਾਰਟਰੀਜ਼ ਵਿੱਚ ਟੈਸਟ ਲਈ ਭੇਜਿਆ ਜਾਂਦਾ ਹੈ।

## 7) ਕੀ ਸੂਰ ਦਾ ਮੀਟ ਖਾਣ ਨਾਲ ਲੋਕਾਂ ਨੂੰ ਸਵਾਈਨ ਫ਼ਲੂ ਹੋ ਸਕਦਾ ਹੈ?

- ਨਹੀਂ। ਸਵਾਈਨ ਇਨਫ਼ਲਿਊਐਂਜ਼ਾ ਵਾਇਰਸ ਖਾਣ ਵਾਲੀਆਂ ਚੀਜ਼ਾਂ ਨਾਲ ਨਹੀਂ ਫੈਲਦਾ। ਸੂਰ ਦਾ ਮੀਟ ਜਾਂ ਹੋਰ ਪਦਾਰਥ ਖਾਣ ਨਾਲ ਤੁਹਾਨੂੰ ਸਵਾਈਨ ਫ਼ਲੂ ਨਹੀਂ ਹੋ ਸਕਦਾ। ਠੀਕ ਤਰੀਕੇ ਨਾਲ ਸੰਭਾਲਿਆ ਅਤੇ ਬਣਾਇਆ ਸੂਰ ਦਾ ਮੀਟ ਜਾਂ ਹੋਰ ਪਦਾਰਥ ਖਾਣੇ ਸੁਰੱਖਿਅਤ ਹਨ। ਸੂਰ ਦੇ ਮੀਟ ਨੂੰ 160°F (70°C) ਤੇ ਪਕਾਉਣ ਨਾਲ ਸਾਰੇ ਸਵਾਈਨ ਫ਼ਲੂ ਵਾਇਰਸ ਉਸੇ ਤਰਾਂ ਮਰ ਜਾਂਦੇ ਹਨ ਜਿਵੇਂ ਹੋਰ ਬੈਕਟੀਰੀਆ ਅਤੇ ਵਾਇਰਸ ਮਰ ਜਾਂਦੇ ਹਨ।

## 8) ਮਨੁੱਖਾਂ ਵਿੱਚ ਸਵਾਈਨ ਫ਼ਲੂ ਦੇ ਇਲਾਜ ਲਈ ਕਿਹੜੀਆਂ ਦਵਾਈਆਂ ਉਪਲਬਧ ਹਨ?

- ਬਿਮਾਰੀ ਦੇ ਸ਼ੁਰੂ ਵਿੱਚ ਡਾਕਟਰਾਂ ਵਲੋਂ ਨਿਸ਼ਚਿਤ ਕੀਤੀਆਂ ਮੌਜੂਦਾ ਐਂਟੀਵਾਈਰਲ ਦਵਾਈਆਂ ਵਰਤੀਆਂ ਜਾ ਸਕਦੀਆਂ ਹਨ। ਐਸੀ ਸੰਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਕਿ ਜੇ ਕਿਸੇ ਹਾਲਤ ਵਿੱਚ ਮਾਹਰ ਇਹ ਨਿਸ਼ਚਿਤ ਕਰਨ ਕਿ ਐਂਟੀਵਾਈਰਲ ਦੀ ਵਿਆਪਕ ਤੌਰ ਤੇ ਇਸਤੇਮਾਲ ਕਰਨ ਦੀ ਸਿਫਾਰਿਸ਼ ਹੈ, ਕੈਨੇਡਾ ਅਤੇ ਬੀ ਸੀ ਨੇ ਐਂਟੀਵਾਈਰਲ ਦੀ ਐਡਵਾਂਸ ਸਪਲਾਈ ਖਰੀਦੀ ਹੈ।

## 9) ਕੀ ਸਵਾਈਨ ਫ਼ਲੂ ਲਈ ਕੋਈ ਵੈਕਸੀਨ ਹੈ?

- ਸਵਾਈਨ ਫ਼ਲੂ ਰੋਕਣ ਲਈ ਸੂਰਾਂ ਵਾਸਤੇ ਵੈਕਸੀਨ ਉਪਲਬਧ ਹਨ। ਮਨੁੱਖਾਂ ਵਿੱਚ ਸਵਾਈਨ ਫ਼ਲੂ ਤੋਂ ਬਚਾਅ ਲਈ ਕੋਈ ਵੈਕਸੀਨ ਨਹੀਂ। ਪਰ ਫਿਰ ਵੀ ਮੌਸਮੀ ਇਨਫ਼ਲਿਊਐਂਜ਼ੇ ਤੋਂ ਬਚਾਓ ਲਈ ਮੌਸਮੀ ਇਨਫ਼ਲਿਊਐਂਜ਼ੇ ਦਾ ਵੈਕਸੀਨ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਬੇਸ਼ੱਕ ਨਵੀਂ ਕਿਸਮ ਦਾ ਵਾਇਰਸ ਆਇਆ ਹੈ ਕਿ ਨਹੀਂ।

- ਕੈਨੇਡਾ ਸਰਕਾਰ ਨੇ ਇਕ ਪਲੈਨ ਮੁਤਾਬਿਕ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਇਨਫ਼ਲਿਊਐਂਜ਼ਾ ਵਾਇਰਸ ਦੇ ਵੈਕਸੀਨ ਦੀ ਖੋਜ ਅਤੇ ਬਣਾਉਣ ਲਈ ਠੇਕਾ ਦਿੱਤਾ ਹੈ। ਇਸ ਨਵੇਂ ਵਾਇਰਸ ਦੀ ਪਹਿਚਾਣ ਹੋਣ ਤੋਂ ਬਾਅਦ ਜਲਦੀ ਹੀ ਵੈਕਸੀਨ ਬਣਨਾ ਸ਼ੁਰੂ ਹੋ ਜਾਵੇਗਾ।

## 10) ਕੀ H1N1 ਸਵਾਈਨ ਫ਼ਲੂ ਵਾਇਰਸ ਅਤੇ ਇਨਸਾਨਾਂ ਦਾ H1N1 ਵਾਇਰਸ ਇੱਕੋ ਹੀ ਹਨ?

- ਨਹੀਂ। H1N1 ਸਵਾਈਨ ਫ਼ਲੂ ਵਾਇਰਸ, ਇਨਸਾਨਾਂ ਦੇ H1N1 ਵਾਇਰਸ ਤੋਂ ਜੈਨੈਟਿਕਲੀ ਬਿਲਕੁਲ ਵੱਖਰਾ ਹੈ।ਇਸ ਵਾਸਤੇ ਮਨੁੱਖਾਂ ਲਈ ਆਮ ਮੌਸਮੀ ਫ਼ਲੂ ਦੇ ਵੈਕਸੀਨ ਨਾਲ H1N1 ਸਵਾਈਨ ਫ਼ਲੂ ਵਾਇਰਸਜ਼ ਤੋਂ ਬਚਾਓ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

## 11) ਸਵਾਈਨ ਫ਼ਲੂ ਵਾਇਰਸ ਕਿੰਨੀ ਕਿਸਮ ਦੇ ਹਨ?

- ਇਨਫ਼ਲਿਊਐਂਜ਼ਾ ਵਾਇਰਸ ਦੀ ਤਰਾਂ ਸਵਾਈਨ ਫ਼ਲੂ ਵਾਇਰਸ ਵੀ ਲਗਾਤਾਰ ਬਦਲਦੇ ਰਹਿੰਦੇ ਹਨ। ਸੂਰਾਂ ਨੂੰ ਏਵੀਅਨ ਇਨਫ਼ਲਿਊਐਂਜ਼ਾ, ਮਨੁੱਖੀ ਇਨਫ਼ਲਿਊਐਂਜ਼ਾ ਅਤੇ ਸਵਾਈਨ ਇਨਫ਼ਲਿਊਐਂਜ਼ਾ ਵਾਇਰਸ ਦੀ ਛੂਤ ਹੋ ਸਕਦੀ ਹੈ। ਜਦੋਂ ਵੱਖ ਵੱਖ ਜਾਤੀਆਂ ਦੇ ਇਨਫ਼ਲਿਊਐਂਜ਼ਾ ਵਾਇਰਸ ਦੀ ਸੂਰਾਂ ਨੂੰ ਛੂਤ ਲਗਦੀ ਹੈ ਤਾਂ ਸਾਰੇ ਵਾਇਰਸਜ਼ ਦੇ ਜੁਜ਼ ਮਿਲ ਕੇ ਇੱਕ ਨਵਾਂ ਵਾਇਰਸ ਬਣ ਜਾਂਦਾ ਹੈ। ਪਿਛਲੇ ਕਈ ਸਾਲਾਂ ਵਿੱਚ ਸਵਾਈਨ ਫ਼ਲੂ ਦੀਆਂ ਵੱਖਰੀਆਂ ਕਿਸਮਾਂ ਪੈਦਾ ਹੋਈਆਂ ਹਨ। ਇਸ ਵੇਲੇ ਸੂਰਾਂ ਵਿੱਚ ਇਨਫ਼ਲਿਊਐਂਜ਼ਾ A ਕਿਸਮ ਦੀਆਂ ਚਾਰ ਉਪ ਕਿਸਮਾਂ H1N1, H1N2, H3N2, H3N1 ਨਿਖੇੜੀਆਂ ਜਾ ਸਕੀਆਂ ਹਨ। ਪਰ ਅੱਜ ਕੱਲ ਸੂਰਾਂ ਵਿੱਚ H1N1, H3N2 ਵਾਇਰਸ ਨਿਖੇੜੇ ਗਏ ਹਨ।

## 12) ਸੂਰਾਂ ਵਿੱਚ ਸਵਾਈਨ ਫ਼ਲੂ ਕਿੰਨਾ ਆਮ ਹੈ?

- H1N1, H3N2 ਸਵਾਈਨ ਫ਼ਲੂ ਵਾਇਰਸ ਉੱਤਰੀ ਅਮਰੀਕਾ ਦੇ ਸੂਰਾਂ ਵਿੱਚ ਹੋਣ ਵਾਲਾ ਵਾਇਰਸ ਹੈ ਅਤੇ ਜਿਸ ਦਾ ਉਦਯੋਗਿਕ ਅਦਾਰੇ ਨਿਯਮਤ ਤੌਰ ਤੇ ਧਿਆਨ ਰੱਖਦੇ ਹਨ। ਪਤਝੜ ਮੌਸਮ ਦੇ ਅਖੀਰਲੇ ਠੰਡੇ ਮਹੀਨਿਆਂ ਵਿੱਚ ਜਾਂ ਸਰਦੀ ਦੇ ਮੌਸਮ ਵਿੱਚ ਸੂਰਾਂ ਵਿੱਚ ਇਹ ਵਾਇਰਸ ਜ਼ਿਆਦਾ ਫੈਲਦਾ ਹੈ ਅਤੇ ਕਈ ਵਾਰੀਂ ਸੰਵੇਦਨਸ਼ੀਲ ਇੱਜੜ ਵਿੱਚ ਨਵੇਂ ਸੂਰ ਦੇ ਆਉਣ ਨਾਲ ਵੀ ਫੈਲ ਜਾਂਦਾ ਹੈ। ਘੋਖ ਕਰਨ ਤੋਂ ਪਤਾ ਲਗਾ ਹੈ ਕਿ ਸਵਾਈਨ ਫ਼ਲੂ H1N1 ਦੁਨੀਆਂ ਭਰ ਵਿੱਚ ਸੂਰਾਂ ਵਿੱਚ ਆਮ ਹੈ, ਜਦਕਿ 25% ਜਾਨਵਰਾਂ ਵਿੱਚ ਛੂਤ ਲਈ ਐਂਟੀਬਾਡੀ ਦੇ ਲੱਛਣ ਹਨ। ਮਨੁੱਖਾਂ ਵਿੱਚ H1N1 ਵਾਇਰਸ ਵਾਲਾ ਸਵਾਈਨ ਫ਼ਲੂ ਬਹੁਤ ਹੀ ਘੱਟ ਹੈ।

## 13) ਮੈਨੂੰ ਡਾਕਟਰ ਕੋਲ ਕਦੋਂ ਜਾਣਾ ਚਾਹੀਦਾ ਹੈ?

- ਜੇਕਰ ਤੁਸੀਂ ਐਸੇ ਮੁਲਕ ਵਿੱਚ ਹੋ ਕੇ ਆਏ ਹੋ ਜਿੱਥੇ ਮਨੁੱਖਾਂ ਵਿੱਚ ਸਵਾਈਨ ਫ਼ਲੂ ਬਾਰੇ ਖਬਰਾਂ ਹਨ ਅਤੇ ਤੁਹਾਨੂੰ ਬੁਖ਼ਾਰ ਅਤੇ ਸਾਹ ਦੀ ਬਿਮਾਰੀ ਦੇ ਨਵੇਂ ਲੱਛਣ ਹਨ ਤਾਂ ਤੁਸੀਂ ਆਪਣੇ ਡਾਕਟਰ ਨਾਲ ਮਿਲ ਕੇ ਆਪਣੇ ਲੱਛਣਾਂ ਬਾਰੇ ਗਲ ਬਾਤ ਕਰੋ। ਆਪਣੇ ਡਾਕਟਰ ਨੂੰ ਆਪਣੇ ਸਫ਼ਰ ਦਾ ਸਾਰਾ ਵਿਵਰਨ ਜ਼ਰੂਰ ਦਿਓ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਬਿਮਾਰ ਮਹਿਸੂਸ ਕਰਦੇ ਹੋ ਤਾਂ HealthLink BC ( ਹੈੱਲਥਲਿੰਕ ਬੀ.ਸੀ.) ਦੀ ਨਰਸ ਨੂੰ **8-1-1**, ਨੰਬਰ ਤੇ ਹਫ਼ਤੇ ਦੇ ਸੱਤੇ ਦਿਨ 24 ਘੰਟੇ ਫੋਨ ਕਰ ਸਕਦੇ ਹੋ।